# ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ।

ਹੁਕਮ:-

ਜਦੋਂ ਕਿ ਇਸ ਦਫ਼ਤਰ ਵੱਲੋਂ ਹੁਕਮ ਪਿੱਠ ਅੰਕਣ ਨੰ: .ਏ./ਐਮ.ਸੀ-1/9591-9618 ਮਿਤੀ: 23.10.2020 ਰਾਹੀਂ ਜਾਬਤਾ ਫੌਜਦਾਰੀ ਸੰਘਤਾ 1972 (1974 ਦਾ ਐਕਟ ਨੰ:2) ਦੀ ਧਾਰਾ 144 ਦੇ ਅੰਤਰਗਤ ਦੀਨਾਨਗਰ-ਤਾਰਾਗੜ੍ਹ-ਨਰੋਟ ਜੈਮਲ ਸਿੰਘ-ਫਤਿਹਪੁਰ-ਨਗਰੀ-ਕਠੂਆ ਰੋਡ ਉਪਰ ਕਰਸ਼ਰ ਇੰਡਸਟਰੀ ਨਾਲ ਸਬੰਧਤ ਵਹੀਕਲਾਂ ਸਬੰਧੀ ਹੇਠ ਲਿਖੇ ਹੁਕਮ ਜਾਰੀ ਕੀਤੇ ਸਨ:-

ੳ) ਪਰਮਾਨੰਦ-ਤਾਰਾਗੜ੍ਹ ਰੋਡ ਅਤੇ ਦੀਨਾਨਗਰ-ਤਾਰਾਗੜ੍ਹ ਰੋਡ ਤੇ ਕਰਸ਼ਰ ਇੰਡਸਟਰੀ ਨਾਲ ਸਬੰਧਤ ਹਰ ਪ੍ਰਕਾਰ ਦੇ ਲੋਡਿਡ ਵਹੀਕਲ ਕੇ ਸਵੇਰੇ 06:00 ਵਜੇ ਤੋਂ ਰਾਤ 08:00 ਵਜੇ ਤੱਕ।

ਅ) ਪਰਮਾਨੰਦ-ਤਾਰਾਗੜ੍ਹ ਰੋਡ ਅਤੇ ਦੀਨਾਨਗਰ-ਤਾਰਾਗੜ੍ਹ ਰੋਡ ਤੇ ਕਰਸ਼ਰ ਇੰਡਸਟਰੀ ਨਾਲ ਸਬੰਧਤ ਹਰ ਪ੍ਰਕਾਰ ਦੇ ਲੋਡਿਡ ਵਹੀਕਲਜ਼ ਕੇ ਸਵੇਰੇ 06:00 ਵਜੇ ਤੋਂ ਲੈ ਕੇ ਸਵੇਰੇ 10:00 ਵਜੇ ਤੱਕ ਅਤੇ ਬਾਅਦ ਦੁਪਹਿਰ 01:00 ਵਜੇ ਤੋਂ ਲੈ ਕੇ ਰਾਤ 08:00 ਵਜੇ ਤੱਕ ਚਲਣ ਤੇ ਪੂਰਨ ਪਾਬੰਦੀ ਲਗਾਈ ਜਾਂਦੀ ਹੈ।

ਇਹਨਾਂ ਹੁਕਮਾਂ ਸਬੰਧੀ ਮਾਈਨਿੰਗ ਅਫ਼ਸਰ, ਪਠਾਨਕੋਟ ਨੇ ਆਪਣੇ ਪੱਤਰ ਨੰ:522 ਮਿਤੀ: 17.11.2020 ਰਾਹੀਂ ਇਸ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਖੱਡ ਵੱਲ ਖਾਲੀ ਜਾਣ ਵਾਲੇ ਟਰੱਕ ਅਤੇ ਭਰੇ ਹੋਏ ਟਰੱਕਾਂ ਦਾ ਸਮਾਂ ਰਾਤ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਰਖਿਆ ਹੈ ਜਦਕਿ ਸਰਕਾਰ ਵੱਲੋਂ ਮਾਈਨਿੰਗ ਕਰਨ ਦਾ ਸਮਾਂ ਸਵੇਰੇ 07:00 ਵਜੇ ਤੋਂ ਸ਼ਾਮ 05:00 ਵਜੇ ਤੱਕ ਹੈ। ਜਿਸ ਕਾਰਨ ਸਰਕਾਰ ਦਾ ਵਿੱਤੀ ਨੁਕਸਾਨ ਹੋ ਰਿਹਾ ਹੈ ਅਤੇ ਪ੍ਰਸ਼ਾਸਨ ਵੱਲੋਂ ਨਿਰਧਾਰਿਤ ਕੀਤੇ ਨਵੇਂ ਸਮੇਂ ਅਨੁਸਾਰ ਵਿਕਰੀ ਨਾ ਦੇ ਬਰਾਬਰ ਰਹਿ ਗਈ ਹੈ। ਜਿਸ ਕਾਰਨ ਉਹਨਾਂ ਵੱਲੋਂ ਇਹ ਰਸਤਾ ਪੂਰੇ ਦਿਨ ਲਈ ਖੋਲਣ ਲਈ ਬੇਨਤੀ ਕੀਤੀ ਗਈ ਹੈ।

ਇਸ ਲਈ ਇਸ ਦਫ਼ਤਰ ਵੱਲੋ ਜਾਰੀ ਕੀਤੇ ਹੁਕਮ ਪਿੱਠ ਅੰਕਣ ਨੰ: ਐਮ.ਏ/ਐਮ.ਸੀ-1/9591-9618 ਮਿਤੀ: 23.10.2020 ਰਾਹੀਂ ਜਾਰੀ ਹੁਕਮਾਂ ਦੀ ਲਗਾਤਾਰਤਾ ਵਿੱਚ ਸੋਧੇ ਹੁਕਮ ਹੇਠ ਲਿਖੇ ਅਨੁਸਾਰ ਜਾਰੀ ਕੀਤੇ ਜਾਂਦੇ ਹਨ:-

ਜਾਬਤਾ ਫੌਜਦਾਰੀ ਸੰਘਤਾ 1972 (1974 ਦਾ ਐਕਟ ਨੰ:2) ਦੀ ਧਾਰਾ 144 ਦੇ ਅੰਤਰਗਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਅਨੁਸਾਰ ਪਾਬੰਦੀ ਹੁਕਮ ਜਾਰੀ ਕੀਤੇ ਜਾਂਦੇ ਹਨ:-

1) ਪਰਮਾਨੰਦ-ਤਾਰਾਗੜ੍ਹ ਰੋਡ ਅਤੇ ਦੀਨਾਨਗਰ-ਤਾਰਾਗੜ੍ਹ ਰੋਡ ਤੇ ਕਰਸ਼ਰ ਇੰਡਸਟਰੀ ਨਾਲ ਸਬੰਧਤ ਹਰ ਪ੍ਰਕਾਰ ਦੇ ਲੋਡਿਡ ਵਹੀਕਲ ਕੇ ਸਵੇਰੇ 06:00 ਵਜੇ ਤੋਂ ਸ਼ਾਮ 04:00 ਵਜੇ ਤੱਕ ਚੱਲਣ ਦੀ ਪੂਰਨ ਪਾਬੰਦੀ ਹੋਵੇਗੀ।

2) ਪਰਮਾਨੰਦ-ਤਾਰਾਗੜ੍ਹ ਰੋਡ ਅਤੇ ਦੀਨਾਨਗਰ-ਤਾਰਾਗੜ੍ਹ ਰੋਡ ਤੇ ਕਰਸ਼ਰ ਇੰਡਸਟਰੀ ਨਾਲ ਸਬੰਧਤ ਹਰ ਪ੍ਰਕਾਰ ਦੇ ਅਨਲੋਡਿਡ ਵਹੀਕਲਜ਼ ਦੇ ਸਵੇਰੇ 06:00 ਵਜੇ ਤੋਂ ਲੈ ਕੇ 10:00 ਵਜੇ ਤੱਕ ਅਤੇ ਦੁਪਹਿਰ 1:00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 4:00 ਵਜੇ ਤੱਕ ਚੱਲਣ ਤੇ ਪੂਰਨ ਪਾਬੰਦੀ ਲਗਾਈ ਜਾਂਦੀ ਹੈ।

ਮਾਮਲੇ ਦੀ ਤਤਪਰਤਾ ਨੂੰ ਮੁੱਖ ਰਖੱਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਇਹ ਹੁਕਮ ਦਾ ਪ੍ਰਚਾਰ ਜ਼ਿਲ੍ਹਾ ਲੋਕ ਸੰਪਰਕ ਵਿਭਾਗ, ਪਠਾਨਕੋਟ ਵੱਲੋਂ ਪ੍ਰਿੰਟ/ਡੀਜੀਟਲ ਮੀਡੀਆ ਰਾਹੀਂ ਕਰਵਾਈਆ ਜਾਵੇਗਾ।

ਇਹ ਹੁਕਮ ਮਿਤੀ 26.11.2020 ਤੋਂ 31.01.2020 ਤੱਕ ਲਾਗੂ ਰਹੇਗਾ।

ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ ਇਹਨਾਂ ਹੁਕਮਾਂ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਉਣਗੇ ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਮਿਤੀ 25.11.2020 ਨੂੰ ਜਾਰੀ ਹੋਇਆ।

DISTRICT MAGISTRATE PATHANKOT

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਪਿੱਠ ਅੰਕਣ ਨੰ:ਐਮ.ਏ./ 10830 – 10845 ਮਿਤੀ 25/11/2020

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਗ੍ਰਹਿ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
2. ਵਿੱਤ ਕਮਿਸ਼ਨਰ (ਮਾਲ), ਪੰਜਾਬ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
5. ਡੀ.ਆਈ.ਜੀ. ਸਰਹੱਦੀ ਰੇਂਜ ਅੰਮ੍ਰਿਤਸਰ।
6. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
7. ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਠਾਨਕੋਟ/ਗੁਰਦਾਸਪੁਰ।
8. ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਪਠਾਨਕੋਟ ।
9. ਤਹਿਸੀਲਦਾਰ/ ਨਾਇਬ ਤਹਿਸੀਲਦਾਰ ਪਠਾਨਕੋਟ/ਧਾਰਕਲਾਂ/ਬਮਿਆਲ/ ਨਰੋਟ ਜੈਮਲ ਸਿੰਘ, ਪਠਾਨਕੋਟ ।
10. ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭ ਤੇ ਮ), ਅਤੇ ਮੰਡੀ ਬੋਰਡ ਪਠਾਨਕੋਟ।
10. ਉਪ ਮੰਡਲ ਮੈਜਿਸਟਰੇਟ ਪਠਾਨਕੋਟ/ਧਾਰ ਕਲਾਂ।
11. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਪਠਾਨਕੋਟ।
12. ਤਹਿਸੀਲਦਾਰ, ਪਠਾਨਕੋਟ/ਧਾਰ ਕਲਾਂ।
13. ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਸੁਜਾਨਪੁਰ।
14. ਮਾਈਨਿੰਗ ਅਫਸਰ, ਪਠਾਨਕੋਟ।
15. ਕਾਰਜ ਸਾਧਕ ਅਫ਼ਸਰ, ਨਗਰ ਪੰਚਾਇਤ, ਨਰੋਟ ਜੈਮਲ ਸਿੰਘ।
16. ਪੀ.ਏ ਟੂ ਜ਼ਿਲ੍ਹਾ ਮੈਜਿਸਟਰੇਟ, ਸਟੈਨੋ ਟੂ ਵਧੀਕ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ।

DISTRICT MAGISTRATE

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।